ਆਪਣੇ ਆਪ ਨੂੰ
ਸੁਰੱਖਿਅਤ ਘਰ ਪਹੁੰਚਾਓ

Punjabi - April



# ਕਾਮਿਆਂ ਦਾ ਮੁਆਵਜ਼ਾ

### ਜੇ ਤੁਸੀਂ ਸਾਮਾਨ ਪਹੁੰਚਾਉਂਦੇ ਹੋਏ ਜ਼ਖਮੀ ਹੋ ਜਾਂਦੇ ਹੋ ਤਾਂ ਕੀ ਤੁਹਾਡੇ ਕੋਲ ਬੀਮਾ ਹੈ?

- ਬੀਮਾ ਇੱਕ ਸੁਰੱਖਿਆ ਕਵਚ ਹੈ ਜੇਕਰ ਤੁਸੀਂ ਕੰਮ 'ਤੇ ਗੰਭੀਰ ਰੂਪ ਵਿੱਚ ਜ਼ਖਮੀ ਹੋ ਜਾਂਦੇ ਹੋ ਜਾਂ ਦੁਖਦਾਈ ਘਟਨਾ ਵਿੱਚ ਮਾਰੇ ਜਾਂਦੇ ਹੋ।
- ਬੀਮੇ ਦੀ ਕਿਸਮ 'ਤੇ ਨਿਰਭਰ ਕਰਦੇ ਹੋਏ, ਤੁਹਾਨੂੰ ਕੰਮ 'ਤੇ ਵਾਪਸ ਜਾਣ ਵਿੱਚ ਮਦਦ ਕਰਨ ਲਈ ਡਾਕਟਰੀ ਖਰਚਿਆਂ, ਨਾ ਮਿਲੀਆਂ ਤਨਖਾਹਾਂ ਅਤੇ ਮੁੜ ਸਿਹਤਮੰਦ ਹੋਣ ਲਈ ਸਹਾਇਤਾ ਪ੍ਰਾਪਤ ਹੋ ਸਕਦੀ ਹੈ।

### ਜੇਕਰ ਮੈਂ ਕੰਮ 'ਤੇ ਜ਼ਖਮੀ ਹੋ ਜਾਂਦਾ ਹਾਂ ਤਾਂ ਕਿਸ ਕਿਸਮ ਦਾ ਬੀਮਾ ਉਪਲਬਧ ਹੈ?

ਬੀਮੇ ਦੀਆਂ ਵੱਖ-ਵੱਖ ਕਿਸਮਾਂ ਹਨ ਜੋ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਵਿੱਤੀ ਸਹਾਇਤਾ ਅਤੇ ਮਦਦ ਪ੍ਰਦਾਨ ਕਰ ਸਕਦੇ ਹਨ ਜੇਕਰ ਤੁਸੀਂ ਕੰਮ 'ਤੇ ਜ਼ਖਮੀ ਜਾਂ ਦੁਖਦਾਈ ਘਟਨਾ ਵਿੱਚ ਮਾਰੇ ਜਾਂਦੇ ਹੋ:

- ਕਾਮਿਆਂ ਦਾ ਮੁਆਵਜ਼ਾ
- ਨਿੱਜੀ ਦੁਰਘਟਨਾ ਜਾਂ ਆਮਦਨ ਸੁਰੱਖਿਆ ਬੀਮਾ
- ਜੀਵਨ ਬੀਮਾ।

### ਕਾਮਿਆਂ ਦਾ ਮੁਆਵਜ਼ਾ

- ਕਾਮਿਆਂ ਦਾ ਮੁਆਵਜ਼ਾ ਰੁਜ਼ਗਾਰਦਾਤਿਆਂ ਵੱਲੋਂ ਉਹਨਾਂ ਦੇ ਕਰਮਚਾਰੀਆਂ ਨੂੰ ਸਹਾਇਤਾ ਦੇਣ ਲਈ ਅਦਾ ਕੀਤਾ ਜਾਂਦਾ ਹੈ ਜੇਕਰ ਉਹ ਕੰਮ 'ਤੇ ਜ਼ਖਮੀ ਜਾਂ ਦੁਖਦਾਈ ਘਟਨਾ ਵਿੱਚ ਮਾਰੇ ਜਾਂਦੇ ਹਨ।
- ਜੇਕਰ ਦਾਅਵਾ ਮਨਜ਼ੂਰ ਹੋ ਜਾਂਦਾ ਹੈ, ਤਾਂ ਤੁਹਾਨੂੰ ਸੱਟ ਤੋਂ ਠੀਕ ਹੋਣ ਦੌਰਾਨ ਆਮਦਨੀ ਦੇ ਨੁਕਸਾਨ, ਮੈਡੀਕਲ, ਹਸਪਤਾਲ ਜਾਂ ਮੁੜ ਠੀਕ ਹੋਣ ਦੇ ਖਰਚੇ ਵਰਗੀਆਂ ਚੀਜ਼ਾਂ ਲਈ ਭੁਗਤਾਨ ਪ੍ਰਦਾਨ ਕੀਤਾ ਜਾ ਸਕਦਾ ਹੈ।
- ਸੁਤੰਤਰ ਠੇਕੇਦਾਰ (ਸਵੈ-ਰੁਜ਼ਗਾਰ) ਆਮ ਤੌਰ 'ਤੇ ਆਸਟ੍ਰੇਲੀਆ ਵਿੱਚ ਕਾਮਿਆਂ ਦੇ ਮੁਆਵਜ਼ੇ ਵਿੱਚ ਸ਼ਾਮਲ ਨਹੀਂ ਹੁੰਦੇ ਹਨ।
- ਜ਼ਿਆਦਾਤਰ ਭੋਜਨ ਪਹੁੰਚਾਉਣ ਵਾਲੇ ਕਰਮਚਾਰਿਆਂ ਨੂੰ ਸੁਤੰਤਰ ਠੇਕੇਦਾਰ (ਸਵੈ-ਰੁਜ਼ਗਾਰ) ਮੰਨਿਆ ਜਾਂਦਾ ਹੈ ਨਾ ਕਿ ਪਲੇਟਫਾਰਮਾਂ ਦੇ ਕਰਮਚਾਰੀ। ਜੇਕਰ ਤੁਹਾਨੂੰ ਯਕੀਨੀ ਤੋਰ ਤੇ ਪਤਾ ਨਹੀਂ ਹੈ, ਤਾਂ ਤੁਹਾਨੂੰ ਆਪਣੇ ਪਲੇਟਫਾਰਮ ਨਾਲ ਸੰਪਰਕ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਲਿਖਤੀ ਰੂਪ ਵਿੱਚ ਤੁਹਾਡੀ ਰੁਜ਼ਗਾਰ ਸਥਿਤੀ ਦੀ ਪੁਸ਼ਟੀ ਕਰਨ ਲਈ ਕਹਿਣਾ ਚਾਹੀਦਾ ਹੈ।

## ਨਿੱਜੀ ਦੁਰਘਟਨਾ ਜਾਂ ਆਮਦਨ ਸੁਰੱਖਿਆ ਬੀਮਾ

- ਕੁਝ ਡਿਲੀਵਰੀ ਪਲੇਟਫਾਰਮ ਨਿੱਜੀ ਦੁਰਘਟਨਾ ਜਾਂ ਆਮਦਨ ਸੁਰੱਖਿਆ ਪ੍ਰਦਾਨ ਕਰਦੇ ਹਨ
- ਜੇਕਰ ਤੁਸੀਂ ਉਸ ਪਲੇਟਫਾਰਮ ਲਈ ਸਮਾਨ ਪਹੁੰਚਾਉਂਦੇ ਹੋਏ ਜ਼ਖਮੀ ਹੋ ਜਾਂਦੇ ਹੋ ਤਾਂ ਇਸ ਕਿਸਮ ਦਾ ਬੀਮਾ ਡਾਕਟਰੀ ਖਰਚਿਆਂ ਅਤੇ ਖੁੰਝੀ ਕਮਾਈ ਦੀ ਭਰਪਾਈ ਕਰ ਸਕਦਾ ਹੈ।

## ਜੇਕਰ ਮੈਂ ਜਿਸ ਪਲੇਟਫਾਰਮ ਲਈ ਕੰਮ ਕਰਦਾ ਹਾਂ ਉਹ ਬੀਮੇ ਦੀ ਪੇਸ਼ਕਸ਼ ਨਹੀਂ ਕਰਦਾ ਤਾਂ ਕੀ ਹੋਵੇਗਾ?

- ਜੇਕਰ ਤੁਹਾਡਾ ਪਲੇਟਫਾਰਮ ਤੁਹਾਡੇ ਲਈ ਕਾਮਿਆਂ ਦੇ ਮੁਆਵਜ਼ੇ ਜਾਂ ਕਿਸੇ ਹੋਰ ਕਿਸਮ ਦੇ ਬੀਮੇ ਲਈ ਕਵਰ ਨਹੀਂ ਕਰਦਾ ਹੈ, ਤਾਂ ਤੁਹਾਨੂੰ ਆਪਣਾ ਨਿੱਜੀ ਦੁਰਘਟਨਾ, ਆਮਦਨ ਸੁਰੱਖਿਆ ਬੀਮਾ ਜਾਂ ਜੀਵਨ ਬੀਮਾ ਲੈਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਕੋਲ ਬੀਮਾ ਕਵਰੇਜ ਹੈ?

- ਅਸੀਂ ਸੁਝਾਅ ਦਿੰਦੇ ਹਾਂ ਕਿ ਇਹ ਪਤਾ ਲਗਾਉਣ ਲਈ ਕੀ ਇਹ ਨਿੱਜੀ ਦੁਰਘਟਨਾ ਬੀਮਾ ਅਤੇ ਕਿਸ ਕਿਸਮ ਦੇ ਭੁਗਤਾਨਾਂ ਦੀ ਪੇਸ਼ਕਸ਼ ਕਰਦਾ ਹੈ, ਤੁਸੀਂ ਉਸ ਪਲੇਟਫਾਰਮ ਨਾਲ ਸੰਪਰਕ ਕਰੋ ਜਿਸ ਲਈ ਤੁਸੀਂ ਕੰਮ ਕਰਦੇ ਹੋ।
- ਤੁਸੀਂ ਇਹ ਪਤਾ ਕਰਨ ਲਈ ਕਿ ਕੀ ਤੁਸੀਂ ਕਾਮਿਆਂ ਦੇ ਮੁਆਵਜ਼ੇ ਲਈ ਯੋਗ ਹੋ, ਆਪਣੇ ਰਾਜ ਜਾਂ ਕੇਂਦਰ ਪ੍ਰਦੇਸ਼ ਵਿੱਚ ਕਾਮਿਆਂ ਦੇ ਮੁਆਵਜ਼ੇ ਦੀ ਅਥਾਰਟੀ ਨਾਲ ਵੀ ਸੰਪਰਕ ਕਰ ਸਕਦੇ ਹੋ।

***ਇਹ ਸਮੱਗਰੀ ਕਰਮਚਾਰੀਆਂ ਦੇ ਮੁਆਵਜ਼ੇ ਬਾਰੇ ਜਾਣਕਾਰੀ ਤੱਕ ਜਨਤਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਪ੍ਰਦਾਨ ਕੀਤੀ ਗਈ ਹੈ ਅਤੇ ਇਸਦਾ ਉਦੇਸ਼ ਕਾਨੂੰਨੀ ਸਲਾਹ ਜਾਂ ਕਰਮਚਾਰੀਆਂ ਦੇ ਮੁਆਵਜ਼ੇ ਦੇ ਕਾਨੂੰਨਾਂ ਅਧੀਨ ਲੋੜਾਂ ਨੂੰ ਬਦਲਣ ਲਈ ਨਹੀਂ ਹੈ।***

**ਆਪਣੀ ਸਥਾਨਕ ਕਾਰਮਚਾਰਿਆਂ ਦੀ ਮੁਆਵਜ਼ਾ ਅਥਾਰਟੀ ਨੂੰ ਲੱਭੋ**

**ਕਾਰਮਚਾਰਿਆਂ ਦੇ ਮੁਆਵਜ਼ੇ ਬਾਰੇ ਹੋਰ ਜਾਣਕਾਰੀ**